34965

(M)
891.42103a
CH-K

੧ ੳ ਸਤਿਗੁਰਪ੍ਰਸਾਦਿ ॥

ਕੇਸਰੀ ਚਰਖਾ

ਅਰਥਾਤ

ਵੈਰਾਗ, ਵੀਚਾਰ, ਪ੍ਰਾਰਥਨਾ, ਨਾਮ

ਨਾਲ

ਸਰੀਰ ਨੂੰ ਸਫਲ ਕਰਨ ਦਾ ਉਪਦੇਸ਼

ਕ੍ਰਿਤ

ਸੱਚਖੰਡ ਵਾਸੀ ਡਾਕਟਰ ਚਰਨ ਸਿੰਘ ਜੀ

ਸ੍ਰੀ ਅੰਮ੍ਰਿਤਸਰ ।

THIS BOOK BELONGS TO B. MOHAN SINGH
ਭਃ ਮੋਹਨ ਸਿੰਘ
ਤਰਨ ਤਾਰਨ (ਪੰਜਾਬ)
1054
TARN TARAN (PUNJAB)
19 OCT 1912

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿੱਚ ਭਾਈ ਬਹਾਦ੍ਰ ਸਿੰਘ
ਮੈਨੇਜਰ ਦੇ ਯਤਨ ਨਾਲ ਛਪਿਆ

891.481032
CH-1c
(M)
O15 3,1MCH
E2
57957

ੴ ਸਤਿਗੁਰਪ੍ਰਸਾਦਿ ॥

ਭੂਮਿਕਾ

ਇਸ ਨਿੱਕੇ ਜਿਹੇ ਲੇਖ ਵਿੱਚ ਇੱਕ ਚਰਖ਼ੇ ਦਾ ਗੀਤ ਹੈ। ਚਰਖ਼ੇ ਲਿਖਣ ਦਾ ਪੰਜਾਬੀ ਵਿੱਚ ਪੁਰਾਣਾਂ ਦਸਤੂਰ ਹੈ। ਇਸ ਚਰਖ਼ੇ ਦਾ ਨਾਂ ਕਰਤਾ ਜੀ ਨੇ "ਕੇਸਰੀ ਚਰਖਾ" ਲਿਖਿਆ ਹੈ, ਤੇ ਇਸ ਦੇ ਰਚੇ ਜਾਣ ਦੀ ਵਿਥਿਆ ਇਸ ਪ੍ਰਕਾਰ ਹੈ:-

ਸ੍ਰੀ ਮਾਨ ਡਾਕਟਰ ਚਰਨ ਸਿੰਘ ਜੀ, ਜਦ ਇਸ ਸੰਸਾਰ ਤੋਂ ਸੱਚ ਖੰਡ ਜਾ ਵੱਸੇ, ਅਰ ਆਪ ਦੇ ਨਮਿੱਤ ਗੁਰਮਤ ਕਾਰਜਾਂ ਦੀ ਸਮਾਪਤੀ ਹੋ ਚੁੱਕੀ, ਛੇਕੜ ਦੇ ਦਿਨ ਜਦੋਂ ਦੀਵਾਨ, ਕੀਰਤਨ, ਭੋਗ, ਅਰਦਾਸੇ ਤੋਂ ਬਾਦ ਘਰ ਆਏ, ਤਾਂ ਰਾਤ ਆਪ ਦੇ ਸੰਚੇ ਵਿੱਚੋਂ ਕਿਸੇ ਕਾਗਜ਼ ਦੀ ਲੋੜ ਪੈਣ ਤੇ ਢੂੰਡ ਕੀਤੀ, ਉਸ ਵੇਲੇ ਇੱਕ ਮੇਜ਼ ਦੇ ਦਰਾਜ਼ ਵਿੱਚ ਛੋਟੇ ਛੋਟੇ ਲਾਲ ਕਾਗਤਾਂ ਦੀ ਇੱਕ ਪੂਣੀ ਵਲ੍ਹੇਟੀ ਹੋਈ ਤੇ ਤਾਗੇ ਨਾਲ ਬੱਧੀ ਹੋਈ ਲੁਕਾਕੇ ਰੱਖੀ ਹੋਈ ਜਾਪਦੀ, ਮਿਲ ਪਈ। ਜਦ ਖੋਹਲਿਆ ਤਾਂ ਉਸ ਵਿੱਚ ਇਹ "ਕੇਸਰੀ ਚਰਖਾ" ਲਿਖਿਆ ਹੋਇਆ ਸੀ। ਪਹਲੀ ਹੈਰਾਨੀ ਇਹ ਹੋਈ ਕਿ ਦਾਸ ਨੂੰ ਯਾ ਆਪ ਦੇ ਵਿਦਯਾਰਥੀਆਂ ਯਾ ਮਿੱਤ੍ਰਾਂ ਨੂੰ ਇਸ ਰਚਨਾਂ ਦਾ ਕੁਛ ਪਤਾ ਨਹੀਂ ਸੀ। ਅੱਗੇ ਦਸਤੂਰ ਇਸਤਰਾਂ ਦਾ ਸੀ ਕਿ ਆਪ ਦੀ ਹਰ ਰਚਨਾਂ ਦਾ ਰਚਦਿਆਂ ਸਭ ਨੂੰ ਪਤਾ ਹੋ ਜਾਂਦਾ ਸੀ। ਜਦ ਬਹੁਤ ਖੋਜ ਕੀਤੀ ਤਾਂ ਆਪ ਤੋਂ ਸੂਰਜ ਪ੍ਰਕਾਸ਼ ਵੀਚਾਰਨ ਵਾਲੇ ਇੱਕ ਸੱਜਣ ਨੇ ਦੱਸਿਆ ਕਿ ਚਲਾਣੇ ਤੋਂ ਤ੍ਰੈ ਕੁ ਮਹੀਨੇ ਪਹਲੇ ਜਦ ਦੁਪਹਰ ਨੂੰ ਮੈਂ ਆਉਂਦਾ ਸੀ, ਤਾਂ ਇਨ੍ਹਾਂ ਲਾਲ ਕਾਗਤਾਂ ਪਰ ਕੁਛ ਲਿਖਦੇ ਹੁੰਦੇ ਸਨ, ਅਰ ਮੇਰੇ ਆਯਾਂ ਵਲ੍ਹੇਟ ਕੇ ਝੱਟ ਸਾਂਭ ਲੈਂਦੇ ਸੇ॥

ਇਸ ਦੀ ਰਚਨਾਂ ਤੋਂ ਪਤਾ ਲੱਗਦਾ ਹੈ ਕਿ ਸਿਰ ਤੇ ਆ ਰਹੀ ਮੌਤ ਦੀ ਸੂਚਨਾ ਹੋ ਰਹੀ ਹੈ, ਉਸ ਦਾ ਭੈ, ਸਿਮ੍ਰਨ ਤੋਂ ਖਾਲੀ ਗਏ ਸਮੇਂ ਦਾ ਸ਼ੋਕ, ਨਾਮ ਦੀ ਮਹਿੰਮਾਂ, ਤੇ ਬੇਨਤੀ ਦਾ ਇਸ ਤਰਾਂ ਦਿਲ ਚੀਰਵਾਂ ਵੇਗ ਟੁਰਦਾ ਹੈ ਕਿ ਮਾਨੋਂ ਸੱਚ ਮੁੱਚ ਮੌਤ ਸਾਹਮਣੇ ਖੜ੍ਹੀ ਹੈ। ਇਹ ਗੱਲ ਕਿ ਉਨ੍ਹਾਂ ਨੇ ਅਪਣੀ ਮੌਤ ਦਾ ਅਗੰਮ ਵਾਚ ਕੇ, ਯਾ ਅਣਜਾਣੇ 'ਆਉਣ ਵਾਲੀਆਂ ਹੋਣੀਆਂ ਦੇ ਪ੍ਰਭਾਵ ਪਹਲਾਂ ਪੈਂਦੇ ਹਨ' ਇਸ ਅਸੂਲ ਮੂਜਬ ਉਮਰਾ ਦੇ ਅੰਤ ਹੋਣ ਦੇ ਪ੍ਰਭਾਵ ਹੇਠ ਏਹ ਛੰਦ ਲਿਖੇ ਹਨ, ਯੁਕਤੀ ਸਿੱਧ ਨਿਰਨੈ ਕਰਨਾ ਕਠਨ ਹੈ, ਪ੍ਰੰਤੂ ਇਸ ਵਿਚ ਸ਼ੱਕ ਨਹੀਂ ਕਿ ਰਚਨਾਂ ਵਿਚ ਜੀਵ ਦੇ ਅੰਤ ਆ ਪਹੁੰਚਣ ਦਾ, ਅਰ ਅਨਿਸਥਰਤਾ ਦਾ ਨਕਸ਼ਾ ਬੜ੍ਹਾ ਸਾਫ ਬੱਧਾ ਹੈ। ਇਸ ਵਿੱਚ ਕਾਵਜ ਅਨੁਸਾਰ ਪਹਲੇ ਬਿਰਹ ਤੇ ਪਸਚਾਤਾਪ ਵਿਖਾਯਾ ਹੈ ਅਰ ਫੇਰ ਅੰਤ ਵਿੱਚ ਮੇਹਰ ਦੀ ਨਜ਼ਰ,ਬਿਨੈ ਤੇ ਔਗਣਾਂ ਦੇ ਸਾੜ੍ਹਨ ਦੀ ਯਾਚਨਾਂ ਸੰਜੋਗ ਸੂਚਕ ਹੈ, ਜਿਸਦੀ ਰਚਨਾਂ ਦਾ ਨਿਬਾਹ ਪੂਰਨ ਸੁੰਦ੍ਰਤਾ ਵਾਲਾ ਹੈ ॥

ਆਪ ਬ੍ਰਿੱਜ ਭਾਸ਼ਾ ਦੇ ਕੱਵੀ ਤਾਂ ਪੂਰਨ ਸੇ, ਪਰ ਪੰਜਾਬੀ ਬੀ ਐਸੀ ਠੇਠ ਲਿਖੀ ਹੈ ਕਿ ਬਿਲਕੁਲ ਬੇ ਐਬ। ਜਿਨ੍ਹਾਂ ਨੇ ਆਪ ਦੀ ਜੰਗ ਮੜ੍ਹੋਲੀ ਤੇ ਹੀਰ ਭਾਈ ਗੁਰਦਾਸ ਪੜ੍ਹੀ ਹੈ, ਓਹ ਆਪ ਵੇਖ ਸਕਦੇ ਹਨ। ਇਸ ਚਰਖੇ ਦੀ ਬੋਲੀ ਬੀ ਠੇਠ ਪੰਜਾਬੀ ਹੈ, ਕਵਿਤਾ ਐਸੀ ਸਰਲ ਤੇ ਕੁਦਰਤੀ ਢੰਗ ਦੀ ਹੈ ਕਿ ਖਿੱਚ ਤਾਣ ਕਿਤੇ ਨਹੀਂ। ਇਸ ਦੇ ਮਜ਼ਮੂਨ ਵਿੱਚ ਸੁੰਦਰ ਕਟਾਖਜ ਹਨ, ਗੁਰਸਿੱਖੀ ਦਾ ਪੂਰਨ ਉਪਦੇਸ਼ ਹੈ, ਗੁਰੂ ਗ੍ਰੰਥ ਸਾਹਬ ਦੀ ਬਾਣੀ ਦਾ ਗੂੜ੍ਹਾ ਰੰਗ ਹੈ। ਇਨ੍ਹਾਂ ਕਾਰਣਾਂ ਕਰਕੇ ਇਹ ਨਿੱਕੀ ਜਿਹੀ ਸ਼ੈ ਪੰਜਾਬੀ ਸਾਹਿਤ ਵਿੱਚ ਇੱਕ ਜੀਉਂਦਾ ਹਿੱਸਾ ਲੈਣ ਵਾਲੀ ਜਾਪਦੀ ਹੈ, ਅਰ ਇਹੋ ਕਾਰਣ ਇਸ ਨੂੰ ਛਾਪ ਕੇ ਪਬਲਕ ਦੇ ਪੇਸ਼ ਕਰਨੇ ਦਾ ਹੈ।

ਕਲਮੀ ਲਿਖੀ ਪੋਥੀ ਦਸਦੀ ਹੈ ਕਿ ਆਪ ਨੇ ਅਜੇ ਹੋਰ ਲਿਖਣਾ ਸੀ, ਕਿਉਂਕਿ ਹਰ ਥਾਂ ਸਫਿਆਂ ਦੇ ਸਫੇ ਖਾਲੀ ਛੱਡੇ ਹਨ। ਜਿਨ੍ਹੀਂ ਥਾਂਈਂ ਏਹ * * * * ਨਿਸ਼ਾਨ ਦਿੱਤੇ ਹਨ, ਓਹਨੀਂ ਥਾਂਈਂ ਕੋਰੇ ਸਫੇ ਹਨ, ਗੋ ਪ੍ਰਕਰਣ ਪੂਰਨ ਜਾਪਦਾ ਹੈ। ਇੱਕ ਦੋ ਥਾਂਈਂ ਛੰਦ ਪੂਰਾ

ਨਹੀਂ, ਉੱਥੇ ਇਕ ਇਕ ਸਤਰ ਪਾਠ ਦੀ ਦਾਸ ਨੇ ਖੁੱਲ ਲਈ ਹੈ; ਪਰ ਹੇਠਾਂ ਟੂਕ ਵਿੱਚ ਦੱਸ ਦਿੱਤਾ ਹੈ ਕਿ ਇਹ ਤੁਕ ਕੋਲੋਂ ਪਾਈ ਗਈ ਹੈ ॥

ਸੰਸਾਰ ਯਾਤ੍ਰਾ ਵਿੱਚ ਹਰ ਕੋਈ ਐਸਾ ਭੁੱਲਦਾ ਹੈ ਕਿ 'ਡਡਾ ਡੇਰਾ ਇਹ ਨਹੀ ਜਹ ਡੇਰਾ ਤਹ ਜਾਨੁ' ਦੇ ਅਸੂਲ ਨੂੰ ਯਾਦ ਨਹੀਂ ਰਖ ਸਕਦਾ ਅਤੇ ਏਸ ਜਨਮ ਨੂੰ "ਉਆ ਡੇਰਾ ਕਾ ਸੰਜਮੋ ਗੁਰ ਕੈ ਸਬਦਿ ਪਛਾਨੁ" ਨਹੀਂ ਸਮਝਦਾ। ਇਸ ਚਰਖੇ ਵਿੱਚ ਇਹੋ ਉਪਦੇਸ਼ ਹੈ ਕਿ ਹੀਰਾ ਜਨਮ ਅਕਾਰਥ ਨਾਂ ਗੁਆਓ ਅਰ ਸਦਾ ਰਹਣ ਵਾਲੇ ਡੇਰੇ ਦਾ ਐਥੇ ਸਾਮਾਨ ਤੇ ਤਯਾਰਾ ਕਰੋ ਅਰ ਇਹ ਉਪਦੇਸ਼ 'ਉਤਮ ਪੁਰਖ' ਅਰਥਾਤ ਆਪਨੂੰ ਕਰਕੇ ਲੋਕਾਂ ਨੂੰ ਦਿੱਤਾ ਹੈ, ਜੋ ਕਿ ਉੱਚ ਤ੍ਰੀਕਾ ਖਯਾਲ ਕੀਤਾ ਜਾਂਦਾ ਹੈ। ਜੇ ਕਰ ਇਸ ਉਪਦੇਸ਼ ਤੋਂ ਕਿਸੇ ਪਯਾਰੇ ਨੂੰ ਲਾਭ ਮਿਲੇ ਤਾਂ ਕਰਤਾ ਜੀ ਦਾ ਉੱਦਮ ਸਫਲ ਹੋਵੇ।

ਅੰਮ੍ਰਿਤਸਰ
ਸਤੰਬਰ ੧੯੧੨. } ਦਾਸ–ਕਰਤਾ ਜੀ ਦਾ ਚਰਨ ਸੇਵੀ ਆਤਮਜੁ

ੴ ਸਤਿ ਨਾਮੁ ॥

ਕੇਸਰੀ ਚਰਖਾ

ਕੇਸਰ ! ਕਿਸਨੂੰ ਆਖੀਐ ਇਹ ਵੇਲਾ ਕਿਹੜਾ ?
ਸੇਜਾ ਪਲੰਘ ਦੁਲੀਰੜੇ ਉਠ ਗਇਆ ਸੁ ਜਿਹੜਾ ।

ਅਜੇ ਸੁ ਵੱਲ ਨ ਆਇਆ ਰੱਸੀ ਸੜ ਗਈਆ,
ਚਰਖੀ ਹੱਲੀ ਗੁੱਡੀਆਂ ਪੀਹੜੀ ਭਜ ਪਈਆ[੧],
ਉਠੀਆਂ ਸਭ ਸਹੇਲੀਆਂ ਓਹ ਕਿੱਥੇ ਤਿੰਞਣ,
ਗੋਹੜੇ ਪੱਛੀ ਰੂੰ ਨਹੀਂ ਨਾ ਤੇਲੀ ਪਿੰਞਣ[੨],
ਲਾਗੀ[੩] ਆਇ ਪਹਿਨਕੇ ਓਹ ਜਾਂਦੀ ਕਪੜੇ,
ਮੋੜੇ ਮੁੜਨ ਨ ਕਿਸੇ ਦੇ ਹਥ ਪਾਇ ਤਕੜੇ ।

* * * * *

---

੧. ਸਰੀਰ ਸਿਥਲ ਹੋ ਗਿਆ । ੨. ਸਾਥੀ ਵਿਛੁੜ ਗਏ ।
੩. ਮੌਤ ਦੇ ਦੂਤ, ਕਾਲ ।

ਹੈ ਨੀ ਅੰਮੜ ਮੇਰੀਏ ! ਤੈਂ ਮੱਤ ਨ ਦਿੱਤੀ,
ਬਾਜੀ ਹਾਰੀ ਆਪ ਮੈਂ, ਮੈਂ ਜੇਹੀਆਂ ਜਿੱਤੀ।
ਮੈਂ ਭਰਵਾਸੇ ਰੂਪ ਦੇ ਸਭ ਆਪ ਗਵਾਇਆ,
ਗਲ ਵਿਚ ਘੋਟੂ ਪਾਉਂਦਾ ਠੱਗ[1] ਨਜ਼ਰੀ ਆਇਆ;
ਮੈਂ ਜੇਹੀਆਂ ਧਨ ਵਾਲੀਆਂ ਕਈ ਪਕੜ ਚਲਾਈਆਂ,
ਜੋ ਭਰਵਾਸੇ ਜ਼ਾਤ ਦੇ ਉਹ ਭੀ ਪਛਤਾਈਆਂ।
ਏਹ ਘੁਣ ਖਾਧਾ ਚਰਖੜਾ[2] ਕਿਤ ਕੰਮ ਨਾ ਆਵੇ,
ਟੁਟੇ ਤਕਲਾ ਸਾਰ ਦਾ ਗੰਢ ਰਾਸ ਨ ਆਵੇ,
ਚਮੜੀ ਖਾਧੀ ਚੂਹਿਆਂ ਨਹਿ ਬੀੜੀ ਬਹਿੰਦੀ,
ਮਣਕਾ ਟੁੱਟਾ ਧੌਣ ਤੋਂ ਨਹਿੰ ਛੱਲੀ ਲਹਿੰਦੀ,
ਤੁਟੀ ਮਾਹਲ ਪਲੰਘ ਹੁਇ ਗੰਢਣ ਵਿਚ ਨਾਹੀਂ,
ਬਾਇੜ ਖਾਧਾ ਚੂਹਿਆਂ ਲੱਠ ਢਿੱਗੀ ਢਾਹੀ[3]।

* * * *

ਵੇਲੇ ਨਾਲ ਨ ਚੇਤਿਆ[4] ਜਦ ਸੀਗ ਜੁਆਨੀ,
ਜੋਬਨ ਧਨ ਭਰਵਾਸੜੇ ਮੈਂ ਰਹੀ ਦਿਵਾਨੀ[5],

---

੧. ਜਮ। ੨. ਸਰੀਰ। ੩. ਸਰੀਰ ਕਮਜ਼ੋਰ ਤੇ ਨਿਤਾਣਾ ਹੋ ਗਿਆ। ੪. ਜੁਆਨੀ ਤੇ ਅਰੋਗਤਾ ਵਿਚ ਵਾਹਗੁਰੂ ਦਾ ਸਿਮਰਨ ਨਹੀਂ ਕੀਤਾ। ੫. ਧਨ ਜੋਬਨ ਦਾ ਮਾਣ ਕਰਦੀ ਰਹੀ।

ਮੱਤੀ ਮਾਨ ਗੁਮਾਨ ਮੈਂ ਨਿਤ ਫਿਰਦੀ ਆਹੀ,
ਰੰਗ ਬਰੰਗੀ ਕੱਪੜੇ, ਹਥ ਸੁੰਦ੍ਰ ਬਾਹੀ।
ਜਾਂ ਮੈਂ ਵੇਖਾਂ ਆਪ ਵੱਲ ਵਿਚ ਅੰਗ ਨ ਮਾਵਾਂ[੧],
ਇੱਕੋ ਜੇਹੀਆਂ ਨਾਲ ਬਹ ਸੁਰ ਲੰਮੀ ਗਾਵਾਂ,
ਮੱਤ ਦੇਵੇ ਉਸ ਵੇਲੜੇ ਸੋ ਵੈਰੀ ਮੇਰਾ[੨],
ਕਿਸੇ ਨ ਆਣਾ ਖਾਤਰੀ ਕਰ ਜਾਣਾ ਚੇਰਾ।

* * * *

ਹੈ ਨੀ ਅੰਬੜ ਮੇਰੀਏ! ਮੈਂ ਮੁਈਆਂ ਹਾਵੇ,
ਕੰਤ ਰੀਸਾਲੂ ਸੋਹਣਾ ਨਾ ਮੁਹੋਂ ਬੁਲਾਵੇ,
ਓਹ ਰੱਤਾ ਪਰ ਵੇਲੜੀ[੩] ਮੈਂ ਚੱਜ ਨ ਕੋਈ,
ਹਾਇ! ਕੁਚੱਜੀ ਜਨਮ ਦੀ ਐਵੇਂ ਪਤ ਖੋਈ,
ਕੂੜੇ ਕੀਤੇ ਕੰਮ ਮੈਂ ਤੇ ਕੋਹਝੀਆਂ ਖੇਡਾਂ,
ਹੁਣ ਮਿਲ ਮੈਨੂੰ ਕਰਦੀਆਂ ਸਹੀਆਂ ਚਾਹੇਡਾਂ,
ਜੇ ਗੁਣ ਹੁੰਦੇ ਗੰਠੜੀ ਤਾਂ ਸੋਭਾ ਪਾਂਦੀ,
ਜਸ ਹੁੰਦਾ ਘਰ ਸਾਹੁਰੇ[੪] ਮੈਂ ਧੰਨ ਸੁਆਂਦੀ।

---

੧. ਸੁੰਦ੍ਰਤਾ ਦਾ ਗੁਮਾਨ। ੨. ਉਪਦੇਸ਼ਾਂ ਤੋਂ ਲਾਭ ਨਾ ਲਿਆ।
੩. ਸਹੀਆਂ ਤਊ ਅਸੰਖ ਮੈ ਕੇਹੀ ਨ ਜੇਹੀਆਂ। ੪. ਪਰਲੋਕ।

ਸੋ ਗੁਣ ਕੁਈ ਨਾ ਪੱਲੜੇ ਸਹੁ[੧] ਕੀਕਰ ਭਾਵਾਂ?
ਝੂਰ ਝੂਰ ਸੁੱਕਾ ਪਿੰਜਰਾ ਕਹਿੰਦੀ ਸ਼ਰਮਾਵਾਂ।
ਹੈ ਨੀ ਅੰਬੜ ਮੇਰੀਏ! ਮੈਂ ਇਹ ਕੀ ਕੀਤਾ?
ਖਹ ਕੇ ਜੋੜਾ ਪਾੜਿਆ[੨] ਫਿਰ ਮੂਲ ਨ ਸੀਤਾ।
ਵੇਲਾ ਗਇਆ ਬਿਤੀਤ ਓਹ ਹੁਣ ਹੱਥ ਨ ਆਵੇ,
ਝੋਰਾ, ਝਿੱਕਾ, ਝੀਕਣਾ, ਚਿੰਤਾ, ਦੁਖ, ਹਾਵੇ,
ਗਈ ਜੁਆਨੀ ਰੰਗਲੀ ਫਿਰ ਕਰੂ ਨ ਫੇਰਾ,
ਲਾਗੀ[੩] ਆਇ ਘਰਾਂ ਵਿਚ ਘੱਤ ਬੈਠੇ ਡੇਰਾ,
ਸਹੀਆਂ ਵਿੱਚੋਂ ਖੇਡਦੀ ਲੈ ਜਾਸਨ ਮੈਨੂੰ[੪],
ਰੱਖਣ ਵਾਲਾ ਕੋ ਨਹੀਂ ਆਖਾਂ ਮੈਂ ਕੈਨੂੰ?

* * * *

ਪੇਕੇ ਘਰ[੫] ਵਿਚ ਲਾਡਲੀ ਮੈਂ ਰਹੀ ਦਿਵਾਨੀ,
ਵੇਲਾ ਨਹੀਂ ਸਮਾਲਿਆ ਜਦ ਸੀਗ ਜੁਆਨੀ[੬],
ਸਖੀਆਂ ਮਿਲ ਮਿਲ ਪੁਛਦੀਆਂ ਕੋਈ ਦਰਦ ਨ ਵੰਡੇ,
ਆਪੇ ਅਪਣੇ ਰਾਹ ਵਿੱਚ ਮੈਂ ਬੀਜੇ ਕੰਡੇ।

---

੧. ਵਾਹਿਗੁਰੂ। ੨. ਪਾਪ ਕੀਤੇ ਤੇ ਬਖਸ਼ਾਏ ਨਹੀ।
੩. ਮੌਤ ਦੇ ਦੂਤ। ੪ ਮੈਂ ਮਰ ਜਾਸਾਂ। ੫. ਸੰਸਾਰ, ਲੋਕ।
੬. ਜੁਆਨੀ ਦੇ ਦਿਨੀਂ ਵਾਹਗੁਰੂ ਸਿਮ੍ਰਨ ਨਹੀਂ ਕੀਤਾ।

ਦੋਸ ਨਹੀਂ ਕਿਛ ਕੰਤ ਨੂੰ ਮੈਥੋਂ ਹੀ ਹੋਈ[1],
ਪੇਕੇ ਘਰ ਵਿੱਚ ਵਸਦਿਆਂ ਮੈਂ ਲਾਹੀ ਲੋਈ[2],
ਸੰਗ ਨ ਲੱਗੀ ਕੰਤ ਦੇ[3] ਗੁਣ ਮੂਲ ਨ ਸਿੱਖੇ[4],
ਡਰੀ[5] ਨ ਮੂਲੋਂ ਉਸਥੋਂ ਬੋਲੀ ਬਚ ਤਿੱਖੇ,
ਸੱਸ ਨਿਨਾਣ ਜਿਠਾਣੀਆਂ ਥਕੀਆਂ ਸਮਝਾਈ[6],
ਭੈਣਾਂ ਤੇ ਭਰਜਾਈਆਂ ਦੀ ਗੱਲ ਗਵਾਈ,
ਆਖੇ ਲੱਗ ਨ ਉਨ੍ਹਾਂ ਦੇ ਮੈਂ ਚਰਖਾ ਡਾਹਿਆ,
ਹੱਥ ਨ ਲਾਇਆ ਪੂਣੀਆਂ[7], ਨਹਿੰ ਪਿੰਜਣ ਪਾਇਆ[8]।
ਮੈਂ ਜਾਣਾਂ ਕੀ ਉਨਹਾਂ ਨੂੰ ਘਰ ਪੇਕਾ ਮੇਰਾ[9],
ਓੜਕ ਮੈਂ ਅਜ ਦੇਖਿਆ ਵਿੱਚ ਜੰਗਲ ਡੇਰਾ,
ਜੇ ਕੋਈ ਕਦਿ ਆਖਦਾ, ਮੈਂ ਚਿੱਤ ਨ ਧਰਦੀ,
ਹੁਣ ਟੁਰਦੀ ਹੋ ਸੋਹਣੀ ਉਸ ਵੇਲੇ ਡਰਦੀ।

• • • •

ਪੇਕੇ ਘਰ ਵਿੱਚ ਲਾਡਲੀ ਰਹੀਆਂ ਮਤਵਾਲੀ,

---

੧. ਦੁਕ੍ਰਿਤ ਸੁਕ੍ਰਿਤ ਥਾਰੋ ਕਰਮ ਰੀ। ੨. ਪਰਮਾਰਥਕ ਲਾਜ ਨਹੀਂ ਖਾਧੀ। ੩. ਬ੍ਰਿਤੀ ਨਹੀਂ ਜੋੜੀ। ੪. ਨੇਕ ਗੁਣ, ਦੈਵੀ ਸੰਪਤਾ। ੫. ਨਿਰਮਲ ਭੈ ਨਹੀਂ ਧਾਰਿਆ। ੬. ਸਤਸੰਗੀਆਂ ਦੇ ਉਪਦੇਸ਼ ਨਾ ਧਾਰੇ। ੭. ਨਾਮ। ੮. ਧਯਾਨ। ੯. ਸੰਸਾਰ ਨੂੰ ਨਿੱਤ ਜਾਣੀ ਰਖਯਾ।

ਖਾਣਾ ਪੀਣਾ ਹੱਸਣਾ ਖੇਡਣ ਦੀ ਚਾਲੀ,
ਮਾਣੇ ਮੱਤੀ ਲਾਡਲੀ ਮੈਂ ਰਹੀ ਲਡਿੱਕੀ,
ਸਹੀਆਂ ਦੇ ਵਿੱਚ ਬੈਠਕੇ ਕੁਈ ਮੱਤ ਨ ਸਿੱਖੀ।
ਇਹ ਚਰਖਾ ਨਿਰਮੋਲ ਸੀ ਏਵੇਂ ਹੱਥ ਆਇਆ,
ਸੱਧਰ ਲਾਹ ਨ ਕੱਤਿਆ[1] ਨਾ ਤ੍ਰਿੰਞਣ ਡਾਹਿਆ[2],
ਪਇਆ ਪੁਰਾਣਾ ਹੋਂਵਦਾ ਘੁਣ ਖਾਂਦਾ ਜਾਂਦਾ[3],
ਕੁੜੀਆਂ ਵੰਨੀਂ ਵੇਖਕੇ ਨਹਿੰ ਚਾਉ ਉਪਾਂਦਾ।

* * * *

ਹੈ ਨੀ ਅੰਬੜ ਮੇਰੀਏ! ਤੁਧ ਦੀ ਪਿਆਰੀ,
ਹੈ! ਇਸ ਵੇਲੇ ਰੱਖ ਲੈ ਮੈਂ ਦੁਖੀਆ ਭਾਰੀ,
ਮੈਨੂੰ ਸੂਝ ਨ ਆਪਣੀ ਬੁੱਧ ਕਿਸੇ ਨ ਲੀਤੀ,
ਚਰਖਾ ਛੁੱਠਾ ਤ੍ਰਿੰਞਣੀਂ ਮੈਂ ਸੁਤਿਆਂ ਬੀਤੀ।
ਜੇ ਉਸ ਵੇਲੇ ਸੰਜਦੀ ਮੇਰੇ ਕੰਮ ਆਂਦਾ,
ਹੱਥੋਂ ਖਾਲੀ ਮੈਂ ਚਲੀ ਪਛਤਾਉ ਨ ਜਾਂਦਾ,
ਕਤ ਕਤ ਕੀਤੇ ਦਾਜ ਜਿਨ ਲੈ ਬੁਚਕੇ ਚਲੀਆਂ[4],
ਮੈਥੋਂ ਸੱਭੇ ਚੰਗੀਆਂ ਮੈਂ ਮੰਦੀ ਝਲੀਆਂ।

---

੧. ਏਕਾਂਤ ਸਿਮ੍ਰਨ। ੨. ਸਤਸੰਗ ਵਿਚ ਰਲ ਕੇ ਸਿਮ੍ਰਨ ਨਾ ਕੀਤਾ
੩. ਸਰੀਰ ਬੁਢਾ ਹੁੰਦਾ ਜਾਂਦਾ ਹੈ। ੪. ਸਿਮ੍ਰਨ ਵਾਲੇ ਸੁਰਖਰੂ ਚੱਲੇ ਹਨ

ਬੋਲਣ ਜੋਗੀ ਮੈਂ ਨਹੀਂ ਕੀ ਲੈ ਮੂੰਹ ਬੋਲਾਂ,
ਸ਼ਰਮਿੰਦੀ ਮੰਦੀ ਘਣੀ ਭ੍ਰਮ ਰੋਲ ਘਚੋਲਾ,
ਸੱਧਰ ਕੀਤੀ ਕੀ ਕਰੇ ਹੁਣ ਬਲ ਨਹੀਂ ਪਉਂਦਾ,
ਕੀ ਹੁੰਦਾ ਹੁਣ ਕੀਤਿਆਂ ਕਾਂ ਸਿਰ ਤੇ ਲਉਂਦਾ[੧],
ਦੇਂਦੇ ਕੰਨ ਉਗਾਹੀਆਂ ਸੁਣ ਸੁਣ ਕੰਨਸੋਈ[੨],
ਅੱਖੀਂ ਧਾਹੀ ਰੁੰਨੀਆਂ ਮੋੜੀ ਨਹਿੰ ਖੋਈ।
ਹੇ ਬਦਖੋਈਆਂ[੩] ਪੱਟਿਆ ਆਖਾਂ ਮੈਂ ਕੈਨੂੰ,
ਖੋਇ ਨ ਹਾਰੀ ਮੈਂ ਹਰੀ ਇਨ ਖਾਧਾ ਮੈਨੂੰ,
ਏਹਨਾਂ ਹੱਥੋਂ ਕੂਕਦੀ ਕਰ ਖੜੀਆਂ ਬਾਹੀਂ,
ਹੇ ਨੀ ਸੌਂਕਣ ਮੇਰੀਓ ਛਡਿਓ ਜੇ ਨਾਹੀਂ,
ਮੈਂ ਹੁਣ ਚਰਖਾ ਕੱਤਦੀ ਜੇ ਦੇਵਣ ਕੱਤਣ।
ਪਰ ਓਹ ਲਾਗੀ ਆ ਗਏ ਮਲ ਬੈਠੇ ਪੱਤਣ[੪]।

* * * *

ਹੇ ਬਦਖੋਈਆਂ ਮੇਰੀਆਂ ਨਹਿੰ ਲਹਿੰਦੀਆਂ ਮੂਲੋਂ,

---

੧. ਬੁਰੇ ਸਗਨ, ਕਾਲ ਦੀਆਂ ਨਿਸ਼ਾਨੀਆਂ ਪ੍ਰਗਟ ਹੋ ਪਈਆਂ ਹਨ।
੨. ਅਪਣੇ ਅੰਗ ਹੀ ਵੈਰੀ ਹੋ ਗਏ। ੩. ਮੰਦੀਆਂ ਆਦਤਾਂ।
੪. ਏਹ ਤੁਕ ਛੰਦ ਪੂਰਾ ਕਰਨ ਲਈ ਨਵੀਂ ਪਾਈ ਗਈ ਹੈ, ਕਰਤਾ ਜੀ ਦੇ ਖਰੜੇ ਵਿਚ ਥਾਂ ਖਾਲੀ ਹੈ, ਜੇ-ਉਪ੍ਰਲੀ ਤੇ ਏਹ-ਦੋਵੇਂ ਤੁਕਾਂ ਛਡ ਦੇਈਏ ਤਦ ਵੀ ਪ੍ਰਕਰਣ ਸਾਫ ਟੁਰਿਆ ਚਲਦਾ ਹੈ॥

ਚੁਣ ਚੁਣ ਮੈਨੂੰ ਖਾਂਦੀਆਂ ਪਰ ਤਿੱਖੀਆਂ ਸੂਲੋਂ[1] ।

* * * *

ਹੇ ਨੀ ਅੰਬੜ ਮੇਰੀਏ ! ਏ ਖੋਆਂ ਬੁਰੀਆਂ !
ਝੁੱਗਾ ਝਾਹਾ ਲੁੱਟਕੇ ਮੈਂ ਕੰਗਲੀ ਕਰੀਆਂ,
ਬੈਠਣ ਜੋਗੀ ਮੈਂ ਨਹੀਂ ਕਿੱਥੇ ਮੈਂ ਜਾਵਾਂ ?
ਕੀਕਰ ਛੁੱਟਾਂ ਇਨ੍ਹਾਂ ਤੋਂ ਭੁੱਲਾਂ ਬਖਸ਼ਾਵਾਂ ?
ਕੰਤ ਮੇਰਾ ਉਸ਼ਨਾਕ[2] ਹੈ ਏ ਅਤ ਵਿਕਰਾਲੀ[3],
ਪਾਸ ਪਹੁਚਨਾ ਦੂਰ ਹੈ ਇਨ ਹੁੰਦਿਆਂ ਨਾਲੀ,
ਹੋਇ ਨਿਮਾਣੀ ਢਹ ਪਵਾਂ ਭੁੱਲਾਂ ਬਖਸ਼ਾਵਾਂ[4] !
ਸੰਗ ਇਨ੍ਹਾਂ ਦੇ ਹੁੰਦਿਆਂ ਕਿਹੁ ਅੰਦਰ ਜਾਵਾਂ[5],
ਪਾਰਬ੍ਰਹਮ ਮਿਰਾ ਕੰਤ ਹੈ ਮੈਂ ਹਾਂ ਬ੍ਰਹਮਾਣੀ[6],

---

੧ ਮੰਦੇ ਕਰਮਾਂ ਨਾਲ਼ ਜੋ ਸੁਭਾ ਮੰਦੇ ਬਣਾਏ, ਓਹ ਪਛਤਾਵੇ ਤੇ ਅਪਨੇ ਆਪ ਨੂੰ ਉਲ੍ਹਾਮੇ ਦੀ ਸੂਰਤ ਧਾਰਕੇ ਜੀ ਨੂੰ ਖਾਂਦੇ ਹਨ, ਇਹੋ ਸਭ ਤੋਂ ਬੁਰਾ ਨਰਕ ਹੈ। ੨. ਸੁੰਦਰ, ਬਾਂਕਾ। ੩. ਮੇਰੀਆਂ ਮੰਦੀਆਂ ਆਦਤਾਂ ਜੋ ਸੁਰਤ ਵਿਚ ਸਿੰਜਰ ਚੁਕੀਆਂ ਹਨ। ੪. ਏਹ ਅਭਲਾਖਾ ਉੱਤਮ ਹੈ, ਅਗਲੀ ਤੁਕ ਵਿਚ ਦੱਸੀ ਗਲ ਸ਼ੰਕਾ ਪਾਂਦੀ ਹੈ। ੫. ਇਹ ਸ਼ੰਕਾ ਪੈਂਦੀ ਹੈ ਕਿ ਬਦਖੋਆਂ ਦੇ ਹੁੰਦਿਆਂ ਕੀਕੂੰ ਬਖਸ਼ੀ ਜਾਸਾਂ। ੬. ਠਾਕਰ ਬ੍ਰਹਮ ਪਤੀ ਹੈ, ਮੈਂ ਉਸਦੀ ਦਾਸੀ ਚੇਰੀ ਹਾਂ। ਪਰ ਬਦਖੋਆਂ ਦੇ ਕਾਰਣ ਮੈਂ ਬ੍ਰਹਮਾਣੀ ਨਹੀਂ ਰਹੀ,

ਨਾਲ ਇਨਹਾਂ[1] ਦੇ ਹੁੰਦਿਆਂ ਮੈਂ ਅੱਤਿ ਨਿਮਾਣੀ,
ਮੈਂ ਰਤ ਰੋਂਦੀ ਅੱਥਰੂ ਹਾਇ! ਕੋਈ ਛੁਡਾਏ।
ਕੇਸਰ ਸਿੰਘ[2] ਗੁਲਾਮ ਹੋਇ ਸਦ ਘੁੰਮੇ ਜਾਏ।
ਬਿਰਥਾ ਸਾਰੀ ਦਿਲੇ ਦੀ ਉਸ ਖੋਲ੍ਹ ਸੁਣਾਵਾਂ,
ਹੋਇ ਨਿਮਾਣੀ ਢਹ ਪਵਾਂ ਜੇ ਖਸਮੇਂ ਭਾਵਾਂ,
ਮੂੰਹੋਂ ਨ ਬੋਲੇ, ਪੈਰ ਮੈਂ ਨਾਲ ਹੰਝੂ ਧੋਵਾਂ,
ਜੇ ਦੇਖਾਂ ਉਸ ਕੰਤ ਨੂੰ ਦੁਖ ਅਪਣਾ ਰੋਵਾਂ:-
"[3] ਜੇ ਤੁਧ ਮਨੋਂ ਵਿਸਾਰੀਆ ਵੱਸ ਪਈ ਇਨਹਾਂ ਦੇ,
"ਮੇਰੇ ਨਾਲ ਜੁ ਬੀਤੀਆ ਨਹਿੰ ਕਹਣ ਕਹਾਂਦੇ।
"ਇੱਕ ਆਂਦੀ ਇਕ ਜਾਂਵਦੀ ਇਕ ਘੇਰ ਖਲੋਂਦੀ,
"ਇੱਕ ਘਸੀਟੇ ਇਕ ਧਿਰੇ ਇਕ ਨਾਲ ਚਲੋਂਦੀ,
"ਕੂਕਣ ਰਾਂਗਣ ਨਾ ਮਿਲੇ ਜੋ ਕਿਸੇ ਸੁਣਾਵਾਂ,

---

੧. ਬੁਰੀਆਂ ਆਦਤਾਂ ਵੱਲ ਇਸ਼ਾਰਾ ਹੈ ਕਿ ਹਾਂ ਤਾਂ ਮੈਂ ਪਾਰ ਬ੍ਰਹਮ ਪਤੀ ਦੀ ਪਜਾਰੀ ਪਤਨੀ, ਪਰ ਸੁਰਤ ਵਿੱਚ ਫਸੀਆਂ ਮਾੜੀਆਂ ਕ੍ਰਨੀਆਂ, ਕਹਣੀਆਂ ਤੇ ਸੋਚਾਂ ਦੇ ਨਿਵਾਸ ਨੇ ਮੈਂ ਨੀਚ ਕਰ ਦਿਤੀ ਹਾਂ।

੨ ਇਹ ਨਾਮ ਉਨ੍ਹਾਂ ਗੁਰਮੁਖਾਂ ਦਾ ਜਾਪਦਾ ਹੈ ਜਿਨ੍ਹਾਂ ਦੀ ਸੋਹਬਤ ਵਿਚ ਆਪ ਨੂੰ ਆਤਮ ਜੀਵਨ ਦਾ ਲਾਭ ਹੋਯਾ ਸੀ। ੩. ਜੇ ਵਾਹਗੁਰੂ ਦੀ ਹਜ਼ੂਰੀ ਵਿਚ ਮਨ ਰਹਵੇ ਤਾਂ ਸਿਮ੍ਰਨ ਹੁੰਦਾ ਹੈ, ਤੇ ਪਾਪ ਨਹੀਂ ਹੁੰਦੇ, ਹੇ ਵਾਹਗੁਰੂ! ਆਪਣੀ ਹਜ਼ੂਰੀ ਦਾਨ ਕਰ ਨਹੀਂ ਤਾਂ ਅਸੀ ਇਸ ਵਿਹੂਣੇ ਨਿਕਾਰੇ ਹਾਂ।

"ਇਕ ਪਲ ਜੁਦਾ ਨ ਥੀਂਦੀਆਂ ਮੈਂ ਕਿੱਥੇ ਜਾਵਾਂ[੧]"

ਪੂਣੀ* ਪੂਣੀ* ਕੱਤਕੇ* ਮੈਂ* ਛੱਲੀ ਕੀਤੀ,
ਆਇ ਪਈ ਬਦਖੋਇੜੀ ਉਨ ਘੂੰਦਰ ਦੀਤੀ।
ਕੌਡੀ ਕੌਡੀ ਜੋੜਕੇ ਮੈਂ ਪੈਸਾ ਕੀਤਾ,
ਦੂਜੀ ਨੇ ਆ ਅੰਦਰੋਂ ਹੱਥਿਆ ਕਢ ਲੀਤਾ।
ਟਕਾ ਟਕਾ ਮੈਂ ਜੋੜਕੇ ਇਕ ਕੀਆ ਰੁਪਈਆ,
ਇੱਕ ਇਵੇਹੀ ਆ ਪਈ ਓਹ ਕਢ ਲੈ ਗਈਆ,
ਮਿਠੀ ਲੱਤੇ ਲੁੱਟੀਆਂ ਮੈਂ ਖਬਰ ਨ ਪਾਈ,
ਕਿਸਨੂੰ ਆਖਾਂ ਕੂਕ ਕੇ ਮੈਂ ਗੱਬ ਗਵਾਈ।
ਜੋ ਆਹੀ ਕੁਝ ਸੈਜਿਆ ਸੋ ਸਭ ਗਵਾਇਆ[੨]।

---

੧. ਇਨ੍ਹਾਂ ਤੁਕਾਂ ਵਿਚ ਬੁਰੀਆਂ ਆਦਤਾਂ ਦੇ ਰੋਣੇ ਹਨ, ਜੋ ਕਰਦੇ ਕਰਦੇ ਸੁਭਾ ਬਣ ਜਾਂਦੀਆਂ ਹਨ, ਤੇ ਸੁਭਾ ਤੋਂ ਆਪਣੇ ਆਪ ਤੇ ਹਾਵੀ ਹੋ ਕੇ ਮਨ ਤੇ ਸਵਾਰ ਹੋ ਜਾਂਦੀਆਂ ਹਨ, ਫੇਰ ਕੱਢੋ ਤਾਂ ਨਿਕਲਦੀਆਂ ਨਹੀਂ।

੨. ਇਨ੍ਹਾਂ ਤੁਕਾਂ ਵਿਚ ਉਨ੍ਹਾਂ ਮੇਲਾਂ ਵਲ ਇਸ਼ਾਰਾ ਹੈ ਜਿਨ੍ਹਾਂ ਦੀ ਸੁਹਬਤ ਵਿਚ ਨਾਮ ਵਿੱਸਰ ਜਾਂਦਾ ਹੈ, ਸਿਮਰਨ ਵਾਲੇ ਲਈ ਜਿਸ ਮੇਲ ਜਿਸ ਕਾਰਨ ਨਾਲ ਨਾਮ ਵਿੱਸਰੇ ਉਹ ਸਭ ਕੁਸੰਗ ਹੈ, ਦੱਸਿਆ ਇਹ ਹੈ ਕਿ ਜਦ ਸਿਮ੍ਰਨ ਦਾ ਜਤਨ ਕਰੀਦਾ ਹੈ, ਕੁਛ ਰਸ ਪੈਂਦਾ ਹੈ ਤਾਂ ਕਿਸੇ ਕੁਸੰਗੀ ਦਾ ਮੇਲ, ਕਿਸੇ ਬੁਰੀ ਆਦਤ ਦਾ ਝੱਸ, ਪਿਛਲੇ ਕਰਮਾਂ ਦਾ ਕੋਈ ਜੋੜ ਆ ਕੇ ਵਿਘਨ ਪਾ ਦੇਂਦਾ ਹੈ।

ਮੇਰਾ ਕੀਤਾ ਕਤਰਿਆ ਮੈਂ ਆਪ ਵੰਞਾਇਆ[1],

* * * *

ਮੈਂ ਬਦਖੋਇਆਂ ਪਾਲੀਆਂ ਹੁਣ ਮੈਥੋਂ ਆਕੀ[1],
ਬੋਲਣ ਮੂਲ ਨ ਦੇਂਦੀਆ ਫਰਿਆਦ ਕਰਾਂ ਕੀ?

* * * *

ਅਖੀਂ ਕੱਜਲ ਪਾਇਕੈ ਨਾ ਮਾਂਗ ਭਰਾਈ,
ਪਾਸ ਸੁਆਣੀ ਬੈਠਕੇ ਨਾ ਮਹਿੰਦੀ ਲਾਈ,
ਪਾਟਾ ਮੂਲ ਨ ਸੀਵਿਆਂ ਹੱਥ ਸੂਈ ਲੈ ਕੇ,
ਹੱਥੋਂ ਪਾੜ ਗੁਆਇਆ ਕੁੜੀਆਂ ਸੰਗ ਖਹ ਕੇ,
ਗਰਬ ਗਹੇਲੀ ਮੈਂ ਫਿਰੀ ਵਿੱਚ ਤ੍ਰਿਞਣ ਸਾਰੇ,
ਜਿਉਂ ਘੁਣ ਖਾਧੀ ਲੱਕੜੀ ਮੈਂ ਤਿਉਂ ਹੰਕਾਰੇ,
ਨੀਵੇਂ ਦੀਦੇ ਕਰ ਕਦੀ ਬੈਠੀ ਘਰ ਨਾਹੀਂ,
ਸਹਜੇ ਚਾਲ ਨ ਮੈਂ ਚਲੀ ਚੰਚਲਤਾ ਮਾਹੀਂ[2]।

* * * *

ਤੂੰਬੇ ਗੋਹੜੇ ਪੂਣੀਆਂ ਪਛੀ ਭਰ ਆਂਦੀ,

---

੧. ਇਹ ਦੋਵੇਂ ਤੁਕਾਂ ਛੰਦ ਪੂਰਾ ਕਰਨੇ ਲਈ ਨਵੀਆਂ ਪਾਈਆਂ ਹਨ।
੨. ਮਨ ਮਾਰਕੇ ਸਤਸੰਗ ਨਾ ਕੀਤਾ, ਕੀਤਾ ਤਾਂ ਸਤਸੰਗੀਆਂ ਦੀ ਮੱਤ ਧਾਰ ਨ ਨਾਂ ਕੀਤੀ।

ਝੱਖੜ ਵਾਉ ਹਨੇਰੀਆਂ ਲੈ ਗਈ ਉਡਾਂਦੀ,
ਇਉਂ ਵੀ ਦੇਖ ਨ ਬੁਝਿਆ ਇਹ ਕੀ ਕੁਝ ਹੋਇਆ,
ਮੱਤ ਫਿਰੀ ਵਿਚ ਖੇਡ ਦੇ ਮੈਂ ਵਕਤ ਵਿਗੋਇਆ,
ਨਿੱਤ ਫਿਰਾਂ ਪਰ ਬੂਹੜੇ ਏ ਖਸਲਤ ਮੇਰੀ,
ਖੇਡਾਂ ਖੇਡਾਂ ਗਲੀ ਵਿਚ ਜਿੱਦਲ ਮਤ ਮੇਰੀ[੧]।

* * * *

ਤ੍ਰਿੰਞਣ ਦੇ ਵਿਚ ਜਾਇਕੇ ਮੈਂ ਅਕਲ ਗਵਾਈ,
ਕੁੜੀਆਂ ਭਰੀਆਂ ਪੱਛੀਆਂ ਮੈਂ ਤੰਦ ਨ ਪਾਈ।
ਹੱਥ ਲਏ ਪੰਜ ਗੀਟੜੇ[੨] ਮੈਂ ਖੇਡਨ ਲੱਗੀ,
ਕੱਤਣ ਤੁੰਮਣ[੩] ਛੱਡਕੇ ਮੈਂ ਖੇਡੇ ਠੱਗੀ,
ਕੁੜੀਆਂ ਵੰਨੀ ਵੇਖਕੇ[੪] ਮੈਂ ਚਾਉ ਨ ਆਇਆ,
ਤਕਲਾ ਮੇਰਾ ਸਾਰ[੫] ਦਾ ਡਿਹੁਰਾ ਵਲ ਪਾਇਆ[੬],

---

੧. ਵਾਹਗੁਰੂ ਮਿਲਨ ਦੇ ਜੋ ਸਾਮਾਨ ਕੀਤੇ, ਪਛਤਾਵਾ ਕੀਤਾ, ਮੱਤ ਲੀਤੀ, ਨਾਮ ਵਿਚ ਲੱਗੀ, ਪਰ ਫੇਰ ਸੰਸਾਰਕ ਰੁਝੇਵਿਆਂ ਵਿੱਚ ਭੁਲ ੨ ਗਈ।
੨. ਸਬਦ, ਸਪਰਸ, ਰੂਪ, ਰਸ, ਗੰਧ ਯਾ ਕਾਮ ਕ੍ਰੋਧ ਲੋਭ ਮੋਹ ਹੰਕਾਰ।
੩. ਸਿਮ੍ਰਨ ਧਯਾਨ। ੪. ਸਤਸੰਗੀਆਂ ਵੱਲ। ੫. ਲੋਹੇ ਦਾ, ਭਾਵ ਮੇਰੀ 'ਮੈਂ' ਸੁਰਤ, ੬. ਸੁਰਤ ਵਿੰਗੀ ਕਰ ਲਈ, ਤਕਲੇ ਵਿੱਚ ਵਲ ਪਵੇ ਤਾਂ ਤੰਦ ਨਹੀਂ ਨਿਕਲਦੀ, ਸੁਰਤ ਸਾਫ ਨ ਰਹੇ, ਦਾਤਾ ਜੀ ਨਾਲ ਵਲ ਪਾ ਲਵੇ ਤਾਂ ਸਿਮ੍ਰਨ ਦੀ ਤੰਦ ਨਹੀਂ ਨਿਕਲਦੀ।

ਚਰਖਾ ਮੇਰਾ ਸੋਹਣਾ ਅਤਿ ਰੰਗ ਬਰੰਗੀ,
ਸਾਰ ਨ ਲੱਧੀ ਓਸ ਦੀ ਮੰਦੀ ਨਾ ਚੰਗੀ।
ਵਿੱਚ ਨ ਸਹੀਆਂ ਬੈਠਕੇ[1] ਚਰਖੇ ਤੰਦ ਪਾਈ,
ਤ੍ਰਿੰਞਣ[2] ਕਦੀ ਨ ਅੱਪੜੀ, ਨਹਿੰ ਛੋਪ ਪੁਵਾਈ[3],
ਇਸ ਹੰਕਾਰੇ ਮੈਂ ਰਹੀ ਸਭ ਕਹਨ ਸੁਚੱਜੀ[4],
ਪਰ ਮੈਂ ਕੋਝੀ ਸੱਭ ਤੋਂ ਸਿਰ ਵਡੀ ਕੁਚੱਜੀ,
ਲੱਖ ਵਿਲੱਲੀ ਢੂੰਢੀਏ ਮੈਂ ਇਕ ਵਿਲੱਲੀ,
ਤੰਦ ਨ ਪਾਈ ਤੱਕਲੇ ਨਹਿੰ ਲਾਹੀ ਛਲੀ[5]।

* * * *

ਕੂੜਾ ਅੰਗਨ ਭਰ ਗਇਆ ਨਹਿੰ ਸੂਹਣੀ ਦਿੱਤੀ[6],
ਦਿਲ ਦੀ ਘੁੰਡੀ ਨਾ ਖੁਲੀ[7] ਨਾ ਟੁਟੀ ਭਿੱਤੀ[8],

---

੧. ਸਤਸੰਗ। ੨. ਸਤਗੁਰ ਦੇ ਦੀਵਾਨ ਵਿੱਚ ਕਦੀ ਨਾ ਗਈ।
੩. ਨਾਮ ਦਾਨ ਦੀ ਬਰਕਤ ਨਹੀਂ ਮੰਗੀ, ਜਾਚ ਨਹੀਂ ਸਿੱਖੀ।
੪. ਸੰਸਾਰਕ 'ਮੈਂ ਮੇਰੀ' ਦੇ ਮਾਣ ਹੰਕਾਰ ਤੇ ਬੁਧ ਦੀ ਚਤ੍ਰਾਈ ਵਿੱਚ ਰਹੀ।
੫. ਸਭ ਤੋਂ ਵੱਡਾ ਮੂਰਖ ਉਹ ਹੈ ਜੋ ਹੀਰਾ ਜਨਮ ਪਾ ਕੇ ਸਾਈਂ ਨਾਲ ਪ੍ਰੇਮ ਨਹੀਂ ਕਰਦਾ ਜਿਸ ਦਾ ਸਮਾਂ ਸਿਮ੍ਰਨ ਤੋਂ ਖਾਲੀ ਜਾਂਦਾ ਹੈ। ੬. ਸੁਰਤ ਮੈਲੀ ਹੋ ਗਈ। ੭. ਸਰਲਤ ਨਾਂ ਆਈ। ੮. ਭਰਮ ਨਾਂ ਗਿਆ, ਭੁੱਲ ਨਾਂ ਨਿਕਲੀ ਭਾਵ ਬਿਖਮ ਗਾਂਠ-ਜੜ੍ਹ ਚੇਤਨ ਦੀ ਗੰਢ-ਨਾ ਖੁੱਲੀ।

ਲੈਮੇ ਅੰਦਰ ਘੁੰਡ ਦੇ ਅਖ ਪਇਆ ਰਣਾਖਾ[1],
ਕੱਢਣ ਜੋਗਾ ਕੋ ਨਹੀਂ ਮਾਈ ਨਾਂ ਬਾਪਾ,

* * * *

ਕੇਸਰ ! ਕਿਸ ਨੂੰ ਆਖੀਐ ਇਹ ਵੇਲਾ ਕਿਹੜਾ?
ਸੇਜਾ ਪਲੰਘ ਦੁਲੀਚੜੇ ਉਠ ਗਇਆ ਸੁ ਜਿਹੜਾ,
ਅਜੇ ਸੁ ਵੱਲ ਨ ਆਇਆ ਰੱਸੀ ਸੜ ਗਈਆ,
ਚਰਖੀ ਹੱਲੀ ਗੁਡੀਆਂ ਪੀਹੜੀ ਭਜ ਪਈਆ,
ਉਠੀਆਂ ਸਭ ਸਹੇਲੀਆਂ ਉਹ ਕਿਥੇ ਤ੍ਰਿੰਵਣ?
ਗੋਹੜੇ ਪੱਛੀ ਰੂੰ ਨਹੀਂ ਨਾ ਤੇਲੀ ਪਿੰਵਣ,
ਲਾਗੀ ਆਏ ਪਹਨਕੇ ਉਹ ਜਾਵੀ ਕਪੜੇ[2],
ਮੋੜੇ ਮੂੜਨ ਨ ਕਿਸੇ ਦੇ ਹਥ ਪਾਏ ਤੁਕੜੇ[3]।

* * * *

ਛਪਦੀ ਲੁਕਦੀ[4] ਮੈਂ ਫਿਰਾਂ ਕੋਈ ਰੱਖੇ ਨਾਹੀਂ,
ਰੋਂਦੀ ਆਹਾਂ ਮਾਰਦੀ ਕਰ ਖੜੀਆਂ ਬਾਹੀਂ,

---

੧. ਭਰਮ ਦੀ ਮਾੜੀ ਘੁੰਡ ਨਹੀਂ ਚੁੱਕਦੀ, ਤੇ ਚੱਕੇ ਬਿਨਾਂ ਕੋਈ ਕਿਸਤਰਾਂ ਛਿਣਗ ਨੂੰ ਕੱਢ ਸਕੇ, ਤੇ ਆਪਣੇ ਪਾਸੋਂ ਆਪਣੀ ਅੱਖ ਵਿੱਚ ਪਈ ਛਿਣਗ ਨਿਕਲਦੀ ਨਹੀਂ; ਭਾਵ ਅਪਨੇ ਐਬ ਗੁਰਮੁਖਾਂ ਨੂੰ ਦੱਸੀਦੇ ਨਹੀਂ ਤੇ ਆਪਣੇ ਪਾਸੋਂ ਨਿਕਲਦੇ ਨਹੀਂ; ਤੇ ਨਾ ਕਢੋਂ ਤਾਂ ਸਾੜਦੇ ਹਨ। ੨. ਮੌਤ ਦੇ ਦੂਤ ਆ ਗਏ। ੩. ਮੌਤ ਛਡਦੀ ਨਹੀਂ। ੪. ਮੌਤ ਤੋਂ ਡਰ ਲਗਦਾ ਹੈ।

ਜੋਰੀ ਜੋਰੀ ਲੈ ਚਲੇ ਮਾਂ ਬਾਪ ਵਿਖੰਦੇ[1],
ਪਾਸ ਖੜੋਤੇ ਅੰਗ ਸਾਕ ਨਹਿ ਮੁਹੋਂ ਬੁਲੰਦੇ,
ਆਪਣ ਹੱਥੀਂ ਦੇਖਿਆ ਸਭ ਟੁਰਨੇ ਹੋਏ,
ਭੁਰਵਾਸੇ ਲਗ ਇਨਹਾਂ ਦੇ ਗੁਣ ਸੱਭੇ ਖੋਏ।
ਜੇ ਪਹਿਲੇ ਹੀ ਚੇਤੀਏ ਤਾਂ ਕਾਹੇ ਡਰੀਏ,
ਬਹੀਏ ਪਾਸ ਸੁਹਾਗਣੀ[2] ਕੋਰੱਜ ਨ[3] ਕਰੀਏ,
ਅੱਗੇ ਚਰਖਾ ਰੱਖੀਏ ਪਿਛੇ ਕਰ ਪੀਹੜੀ[4],
ਵਿੰਗੀ ਟਿੱਬੀ ਜੋ ਕਹੇ ਗਲ ਸਭਾ ਸੀਹੜੀ[5]।
ਚਾਈਂ ਚਾਈਂ ਕੱਤੀਏ ਕਰ ਰੂਈ ਸੂਤ੍ਰ[6],
ਮਿੱਠੀ ਪਿਆਰੇ ਸਾਹੁਰੇ ਕੁਲ ਭੁਲੀ ਸਪੂਤ੍ਰ,
ਏਥੇ ਓਥੇ ਜੱਸ ਲਹੇ ਹੋਵੈ ਸਭਰਾਈ,
ਸੱਭੇ ਜਾਣਨ ਆਪਣੀ ਨਹਿਂ ਕਿਸੇ ਪਰਾਈ,

---

੧. ਮੌਤ ਤੋਂ ਕੋਈ ਰੱਖਣ ਵਾਲਾ ਨਹੀਂ। ੨ ਗੁਰਮੁਖ।
੩. ਕੁਚਜ ਪਣਾਂ ਨਾ ਕਰੀਏ, ਭੁੱਲ ਨਾ ਕਰੀਏ, ਸਾਵਧਾਨ ਰਹੀਏ।
੪ ਸਾਧਨ ਕਰੀਏ, ਚਰਖਾ ਕੱਤੀਏ = ਸਿਮ੍ਰਨ ਕਰੀਏ, ਪੀਹੜੀ = ਆਸਣ ਪੱਕਾ ਕਰੀਏ, ਸਿਮ੍ਰਨ ਵਿੱਚ ਮਨ ਅਡੋਲ ਹੋ ਕੇ ਲੱਗੇ। ੫. ਗੁਰਮੁਖਾਂ ਦੀ ਕਰੜੀ ਚਾਕਰੀ, ਝਿੜਕ ਝੰਬ ਸਹਾਰਕੇ ਕਰੀਏ। ੬ ਸਿਮ੍ਰਨ ਸਮੇਂ ਚਿਤ ਚਿੰਤਾ ਵਿਚ ਨਾਂ ਪਾਈਏ।

'ਕੇਸਰ' ਕਹ ਅਖ ਲੱਜਦੀ ਸ਼ਰਮੀਲੀ ਨੀਵੀਂ,
ਮਿੱਠੀ ਬੋਲੀ ਬੋਲਣੀ ਪਿਉ ਭ੍ਰਾਈ ਜੀਵੀ,
ਖਾਣਾ ਪੀਣਾ ਸਮਝ ਦਾ ਸੌਣਾ ਭੀ ਥੋਰਾ,
ਵਹੁਟੀ ਸੁਘੜ ਸੁਲੱਖਣੀ ਨਹਿੰ ਲੱਗੇ ਝੋਰਾ,
ਸਖੀਆਂ ਦੇ ਵਿੱਚ ਜਾਇਕੇ ਇਹ ਮਸਲਤ ਕਰੀਏ,
ਸੇਵਾ[1] ਕਰਨੀ ਕੰਤ ਦੀ ਸਿਰ ਅੱਗੇ ਧਰੀਏ,
ਐਸਾ ਸੁੰਦਰ ਚਰਖੜਾ ਕਿਉਂ ਤੋੜ ਵੰਜਾਈਏ[2],
ਆਖੇ ਲੱਗ ਕੁਚੱਜੀਆਂ ਨਹਿੰ ਆਪ ਗਵਾਈਏ,
ਵੇਲਾ ਨਹੀਂ ਗੁਆਈਐ ਨਹਿੰ ਪੱਛੋ ਤਾਈਐ[3],
ਮੋਟਾ ਸੋਟਾ ਧੂਹ ਕੇ ਕਤ ਪੱਛੀ ਪਾਈਐ[4]।
ਸਿੱਧਾ ਕਰਕੇ ਤੱਕਲਾ ਭਰ ਲਾਹੀਏ ਛੱਲੀ[5],
ਆਖੇ ਲੱਗ ਕੁਚੱਜੀਆਂ ਨਹਿੰ ਫਿਰੋ ਅਕੱਲੀ,
ਉੱਚਾ ਸੌਹੇਂ ਬੋਲਨਾਂ ਕੋਈ ਕਿਹੁ ਆਖੇ,
ਭਾਰੀ ਗੌਹਰੀ ਥੀ ਰਹੀ ਰੱਖੀ ਪਤ ਸਾਖੇ[6],

---

੧. ਸੇਵਾ ਸਿੱਖੀਏ। ੨. ਸਿਮ੍ਰਨ ਸਿੱਖੀਏ। ੩. ਹੁਣੇ ਸਿਮ੍ਰੀਏ, ਸਮਾਂ ਅਕਾਰਥ ਨਾਂ ਜਾਏ। ੪. ਵਿੱਥ ਨਾ ਪਏ, ਸਿਮ੍ਰੀ ਚੱਲੀਏ, ਅਸਲੀ ਨਾਮ ਦਾ ਵਾਸ ਆਪੇ ਹੋ ਜਾਸੀ, ਪਹਿਲੇ ਇਹ ਕਰੀਏ ਕਿ ਦਮ ਬਿਰਥਾ ਨਾ ਜਾਵੇ। ੫. ਸੁਰਤ ਸਾਫ ਰਖੀਏ, ਤੇ ਚੜ੍ਹਾਉ ਚੜ੍ਹਣ। ੬. ਔਗਣਾਂ ਤੇ ਵਿਕਾਰਾਂ ਤੋਂ ਬਚੀਏ।

ਮਤ ਸੁਣੇ ਕੋਈ ਸਾਹੁਰਾ ਕਹ ਵਹੁਟੀ ਮੰਦੀ,
ਢੋਈ ਕੰਤ ਨ ਦੇਵਸੀ ਇਹ ਸੋਇ ਸੁਣੰਦੀ ।

* * * *

ਹੇ ਨੀ ਮਾਏ ਮੇਰੀਏ ! ਮੈ ਹੁਣ ਕੀ ਕਰਸਾਂ,
ਵੇਲਾ ਹੱਥ ਨ ਆਂਵਦਾ ਮੈਂ ਡਰ ਡਰ ਮਰਸਾਂ,
ਸੱਸ ਪੁੱਛੇ ਗੀ ਕੰਮੜਾ ਕੀ ਕਹਸਾਂ ਮਾਏ?
ਲੱਧੇ ਦਿਹੁੰ ਜੋ ਗਾਣਵੇਂ ਮੈਂ ਸਗਲ ਵੰਞਾਏ,
ਉੱਤ੍ਰ ਕੋਈ ਨ ਆਉਸੀ ਸੁਣ ਮੇਰੀਏ ਮਾਏ,
ਜਿਤਨੇ ਗੁਣ ਮੈਂ ਚਾਹੀਏ ਸੁ ਕੋਈ ਨ ਆਏ,
ਡਾਹ ਨ ਬੈਠੀ ਪੀਹੜੀ[੧] ਧਰ ਚਰਖ਼ਾ ਅੱਗੇ[੨],
ਤੰਦ ਨ ਪਾਈ ਤੱਕਲੇ[੩] ਨਹਿੰ ਸੂਈ ਧੱਗੇ[੪],
ਨਹੀਂ ਅਟੇਰਨ ਸਿੱਖਿਆ[੫] ਭੁਰ ਨੜੇ ਨ ਜਾਤੇ[੬],
ਤ੍ਰਿਵਣ[੭] ਕਦੀ ਨ ਬੈਠੀਆਂ ਦਿਨ ਗਏ ਬਘਾਤੇ,
ਰੱਜ ਨ ਕੋਈ ਸਿੱਖਿਆ ਮੱਤ ਲਈ ਨ ਕੋਈ,

---

੧. ਅਡੋਲ ਹੋ ਕੇ ਨਾ ਲੱਗੀ। ੨. ਸਿਮ੍ਰਨ ਨੂੰ ਸਰੀਰ ਲਈ ਮੁਖ ਕੰਮ ਨ ਬਨਾਯਾ। ੩ ਧ੍ਯਾਨ ੪. ਸੋਨੇ ਕੀ ਸੂਈ ਰੁਪੇ ਕਾ ਧਾਗਾ, ਨਾਮੇ ਕਾ ਚਿਤ ਹਰਿ ਸਿਉ ਲਾਗਾ, ਨਾਮ ਤੇ ਬ੍ਰਿਤੀ। ੫. ਲਿਵ। ੬. ਕਮਲ ਪ੍ਰਗਾਸ। ੭. ਪਿਛੇ ਏਕਾਂਤ ਸੇਵਨ ਦਸਿਆ ਸੀ, ਇਸ ਤੁਕ ਵਿਚ ਦਸਦੇ ਹਨ ਕਿ ਦੀਵਾਨ ਵਿਚ ਜਾ ਕੇ ਬੀ ਬਿਰਤ ਨਹੀਂ ਜੋੜੀ।

ਕੀ ਕਰਸਾਂ ਹੁਣ ਸਾਹੁਰੇ ਕਿਉਂ ਮਿਲਸੀ ਢੋਈ[੧] ?

* * * *

ਹੈ ਨੀ ਮਾਏ ਮੇਰੀਏ ! ਹੁਣ ਮੈਂ ਕੀ ਕਰਸਾਂ?
ਕੋਈ ਗੁਣ ਨਹਿ ਪੱਲੜੇ ਮੈਂ ਅੱਫ ਨ ਲਹਸਾਂ,
ਇਹ ਗਲ ਵਿਚ ਸੰਸਾਰ ਦੇ ਮੈਂ ਸੁਣਦੀ ਆਹੀ,
ਜਿਸ ਦੇ ਸਿਰ ਤੇ ਜੋ ਬਣੇਂ ਸਿਰ ਓਸ ਨਿਬਾਹੀ,
ਸਾਥੀ ਕੋਈ ਨ ਕਿਸੇ ਦਾ ਔਖੇ ਵਿੱਚ ਵੇਲੇ,
ਖੇਡਾਂ ਵਾਲੀ ਖੇਡ ਦੀ ਹੁਣ ਔਗਣ ਮੇਲੇ,
ਪੁੱਛੂ ਕੰਤ ਬਹਾਲਕੇ ਕਰਤੂਤ ਜਿ ਮੇਰੀ,
ਥੀਊਂ ਕੁਰੱਜੀ ਜਨਮ ਦੀ ਸ਼ਰਮਿੰਦ ਘਨੇਰੀ,
ਮੋਟਾ ਸੋਟਾ ਕੱਤਦੀ ਕਹਣੇ ਨੂੰ ਹੁੰਦੀ,
ਪੱਛੀ ਭਰ ਕੇ ਸੂਤ ਦੀ ਅੱਗੇ ਧਰ ਦਿੰਦੀ।

* * * *

ਸਾਰੀ ਉਮਰ ਗੁਜ਼ਾਰੀਆ ਮੈਂ ਏਤੇ ਹਾਵੇ,
ਕੰਤ ਨ ਪੁੱਛੇ ਵਾਤੜੀ ਸੋਹਾਗ ਗਣਾਵੇ!
ਭੱਠ ਵਿਆਹੀ ਹਾਇ ਮੈਂ ਨਹਿ ਕੰਤ ਦਿਲਾਸਾ!

---

੧. ਪਰਲੋਕ ਵਿਚ ਕੀ ਕਰਸਾਂ ?

ਸੁਖ ਵੱਸਣ ਸੋਹਾਗਣੀ ਮੈਂ ਫਿਰੀ ਉਦਾਸਾ :-
'ਬਖਸ਼ਣ ਹਾਰੇ ਸਾਹਿਬਾ! ਮੈਂ ਤੇਰੀ ਬਰਦੀ!
'ਰੱਤੀ ਨਾਲ ਕੁਸੰਗ ਦੇ ਰਹੀ ਉਲਟੀ ਕਰਦੀ,
'ਸਾਹਿਬ ਬੇਪਰਵਾਹ ਤੂੰ ਪਰਵਾਹ ਨ ਤੈਨੂੰ!
'ਮੈਂ ਦੁਖਜਾਰੀ ਦੁਖ ਭਰੀ ਕੀ ਆਖਾਂ ਕੈਨੂੰ?
'ਢੂੰਢ ਫਿਰੀ ਸਭ ਥਾਨ ਮੈਂ, ਮੇਰਾ ਨਾ ਕੋਈ,
'ਔਗਣ ਹਾਰੀ ਨੀਚ ਹਾਂ, ਕੋਈ ਦੇਇ ਨ ਢੋਈ,
'ਕਰਮਾਂ ਮਾਰੀ ਨਿੱਜ ਮੈਂ ਹੋਈ ਅਣਹੋਈ,
'ਜੇ ਹੋਈ ਦੁਖ ਸੜਨ ਨੂੰ ਕੁੜ ਕੁੜ ਦੁਖ ਰੋਈ,
'ਕੋਈ ਥਾਉਂ ਨ ਲੱਭਦੀ ਕੁਈ ਠੌਰ ਨ ਪਾਵਾਂ,
'ਕੀਤੇ ਕਰਮ ਕੁਵੱਲੜੇ ਹੁਣ ਪੱਛੋਤਾਵਾਂ,
'ਪਰ ਤੂੰ ਸਾਹਿਬ ਅਤ ਵਡਾ ਵਡਜਹੁ ਵਡ ਭਾਰਾ!
'ਬਿਰਦ ਤੇਰਾ ਬਖਸੰਦ ਹੈ ਤੂੰ ਬਖਸਨ ਹਾਰਾ!
'ਮੈਂ ਜੇਹੀਆਂ ਅਪਰਾਧਣਾਂ ਤੇ ਔਗਣਹਾਰਾਂ,
'ਅਕਿਰਤਘਣਾਂ ਅਨਮੋੜਨਾਂ ਬੁਰੀਆਂ ਕੁੜਿਆਰਾਂ,
'ਢਾਹਵੀਆਂ ਹੋਈਆਂ ਘੁਥੀਆਂ ਫਵੀਆਂਹੁਟ ਗਈਆਂ,
'ਢੱਠੀਆਂ ਹੋਇ ਨਿਮਾਣੀਆਂ ਜਦ ਸਰਣੀ ਪਈਆਂ,

BHAI MOHAN SINGH
TARN TARAN.
57957

'ਨਜ਼ਰ ਮਿਹਰ ਦੀ ਜਦ ਕਰੀ ਸਭ ਔਗਣ ਸਾੜੇ,
'ਅਪਣੇ ਚਰਨੀਂ ਲਾਈਆਂ ਗਏ ਦੁੱਖ ਦਿਹਾੜੇ,
'ਓਹ ਨ ਫਿਰਕੇ ਆਈਆਂ ਭਉਜਲ ਵਿੱਚ ਫੇਰਾ,
'ਕਾਰਣ ਕਰਣ ਸਮਰੱਥਵਾਨ ਇਹ ਬਿਰਦ ਸੁ ਤੇਰਾ,
'ਤੂੰ ਸਾਹਿਬ ਸਿਰ ਸਾਹਿਬਾ ਵਡ ਸਾਹਿਬ ਊਰਾ!
'ਤੂੰ ਸਭਸੈ ਨੂੰ ਪਾਲਦਾ ਮੂਰੀ ਹੂੰ ਮੂੱਰਾ,
'ਆਜਜ਼ ਬੰਦੀ ਤੇਰੀਆ ਢਹ ਪਈ ਦੁਆਰੇ,
'ਤੂੰ ਸਾਹਿਬ ਬਖਸੰਦ ਹੈਂ ਮੈਂ ਔਗਣਭਾਰੇ।'

delnet NBD Pilot Project

ਇਤਿ

DE